Department of Consumer Affairs

Bill de Blasio
Mayor

Julie Menin
Commissioner



# ਤਨਖਾਹ ਦੇ ਨਾਲ ਬਿਮਾਰੀ ਦੀ ਛੁੱਟੀ: ਕਰਮਚਾਰੀਆਂ ਨੂੰ ਕੀ ਜਾਣਨ ਦੀ ਲੋੜ ਹੈ

ਨਿਊਯੋਰਕ ਸਿਟੀ ਦੇ Earned Sick Time Act (Paid Sick Leave Law) [ਕਮਾਏ ਗਏ ਬਿਮਾਰੀ ਦੇ ਸਮੇਂ ਬਾਰੇ ਅਧਿਨਿਯਮ (ਤਨਖਾਹ ਦੇ ਨਾਲ ਬਿਮਾਰੀ ਛੁੱਟੀ ਕਨੂੰਨ)] ਦੇ ਤਹਿਤ, ਇਸਦੇ ਅਧੀਨ ਆਉਣ ਵਾਲੇ ਕਰਮਚਾਰੀਆਂ ਨੂੰ ਆਪਣੇ ਖੁਦ ਜਾਂ ਪਰਿਵਾਰ ਦੇ ਕਿਸੇ ਮੈਂਬਰ ਦੀ ਦੇਖਭਾਲ ਅਤੇ ਇਲਾਜ ਲਈ ਬਿਮਾਰੀ ਦੀ ਛੁੱਟੀ ਵਰਤਣ ਦਾ ਹੱਕ ਹੈ।

ਉਪਭੋਗਤਾ ਮਾਮਲਿਆਂ ਦੇ ਵਿਭਾਗ (Department of Consumer Affairs - DCA) ਨੇ ਇਹ ਕਿਤਾਬਚਾ ਕਰਮਚਾਰੀਆਂ ਨੂੰ ਕਨੂੰਨ ਦੇ ਤਹਿਤ ਉਹਨਾਂ ਦੇ ਹੱਕਾਂ ਬਾਰੇ ਮਾਰਗਦਰਸ਼ਨ ਦੇਣ ਲਈ ਤਿਆਰ ਕੀਤਾ। ਉਚਿਤ ਹੋਣ 'ਤੇ DCA ਇਸ ਕਿਤਾਬਚੇ ਨੂੰ ਨਵਿਆਏਗਾ। ਕਿਰਪਾ ਕਰਕੇ ਕਿਤਾਬਚੇ ਦੇ ਹੇਠਾਂ ਮਿਤੀ ਨੋਟ ਕਰੋ। ਕਨੂੰਨ ਜਾਂ ਕਨੂੰਨ ਬਾਰੇ ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ ਪੜ੍ਹਨ ਲਈ **nyc.gov/PaidSickLeave** 'ਤੇ ਜਾਓ।

## ਕਨੂੰਨ ਦੇ ਅਧੀਨ ਆਉਣ ਵਾਲੇ/ਨਾ ਆਉਣ ਵਾਲੇ ਕਰਮਚਾਰੀ

| ਆਉਣ ਵਾਲੇ | ਨਾ ਆਉਣ ਵਾਲੇ |
|---|---|
| • ਫੁਲ-ਟਾਈਮ ਕਰਮਚਾਰੀ<br>• ਪਾਰਟ-ਟਾਈਮ ਕਰਮਚਾਰੀ<br>• ਬਦਲਣਹਾਰ ਰੁਜ਼ਗਾਰ ਪ੍ਰੋਗਰਾਮ ਦੇ ਕਰਮਚਾਰੀ<br>• ਦਰਜ ਨਾ ਕੀਤੇ ਗਏ ਕਰਮਚਾਰੀ<br>• ਅਜਿਹੇ ਕਰਮਚਾਰੀ ਜੋ ਪਰਿਵਾਰ ਦੇ ਮੈਂਬਰ ਹਨ ਪਰ ਮਾਲਕ ਨਹੀਂ ਹਨ<br>• ਅਜਿਹੇ ਕਰਮਚਾਰੀ ਜੋ ਨਿਊਯੋਰਕ ਸਿਟੀ ਤੋਂ ਬਾਹਰ ਰਹਿੰਦੇ ਹਨ<br><br>**ਇਹ ਜ਼ਰੂਰੀ ਹੈ ਕਿ ਕਰਮਚਾਰੀ ਨਿਊਯੋਰਕ ਸਿਟੀ ਵਿੱਚ ਹਰੇਕ ਕਲੰਡਰ ਸਾਲ ਵਿੱਚ 80 ਤੋਂ ਵੱਧ ਘੰਟੇ ਕੰਮ ਕਰ ਰਹੇ ਹੋਣ।**<br><br>**ਪਿਛਲੀ ਪਾਸੇ "ਘਰੇਲੂ ਕਰਮਚਾਰੀ" ਸੈਕਸ਼ਨ ਦੇਖੋ।** | • ਉਹ ਕਰਮਚਾਰੀ ਜੋ ਨਿਊਯੋਰਕ ਸਿਟੀ ਵਿੱਚ ਹਰ ਕਲੰਡਰ ਸਾਲ ਵਿੱਚ 80 ਜਾਂ ਇਸ ਤੋਂ ਘੱਟ ਘੰਟੇ ਕੰਮ ਕਰਦੇ ਹਨ<br>• ਕੇਂਦਰੀ ਸਰਕਾਰ ਦੇ ਕੰਮ-ਅਧਿਐਨ ਪ੍ਰੋਗਰਾਮਾਂ ਵਿੱਚ ਸ਼ਾਮਿਲ ਵਿਦਿਆਰਥੀ<br>• ਉਹ ਕਰਮਚਾਰੀ ਜਿਨ੍ਹਾਂ ਦੇ ਕੰਮ ਦੀ ਯੋਗ ਸਕਾਲਰਸ਼ਿਪ ਪ੍ਰੋਗਰਾਮਾਂ ਦੁਆਰਾ ਹਰਜ਼ਾਨਾ ਪੂਰਤੀ ਕੀਤੀ ਜਾਂਦੀ ਹੈ<br>• ਸਰਕਾਰੀ ਏਜੰਸੀਆਂ ਦੇ ਕਰਮਚਾਰੀ<br>• ਅਜਿਹੇ ਸਰੀਰਕ ਥੇਰੇਪਿਸਟ, ਪੇਸ਼ਾਵਰ ਥੇਰੇਪਿਸਟ, ਬੋਲੀ ਜਾਂਦੀ ਭਾਸ਼ਾ ਦੇ ਚਿਕਿਤਸਕ, ਆਡੀਓਲੋਜਿਸਟ ਜਿਨ੍ਹਾਂ ਨੂੰ ਨਿਊਯੋਰਕ ਰਾਜ ਦੇ ਸਿੱਖਿਆ ਵਿਭਾਗ ਦੁਆਰਾ ਲਾਇਸੈਂਸ ਦਿੱਤਾ ਗਿਆ ਹੈ<br>*ਇਹ ਪੇਸ਼ਾਵਰ ਉਸ ਸਥਿਤੀ ਵਿੱਚ ਕਨੂੰਨ ਦੇ ਅਧੀਨ ਨਹੀਂ ਆਉਂਦੇ ਹਨ ਜੇ ਉਹ ਸੌਂਪੇ ਗਏ ਕੰਮ ਲਈ ਇੱਛਾ ਦੇ ਅਨੁਸਾਰ ਆਉਂਦੇ ਹਨ; ਆਪਣੇ ਕੰਮ ਦਾ ਕਾਰਜਕ੍ਰਮ ਖੁਦ ਨਿਸ਼ਚਿਤ ਕਰਦੇ ਹਨ; ਉਹਨਾਂ ਕੋਲ ਉਹਨਾਂ ਨੂੰ ਭੇਜੇ ਗਏ ਕਿਸੇ ਕੰਮ ਨੂੰ ਅਸਵੀਕਾਰ ਜਾਂ ਸਵੀਕਾਰ ਕਰਨ ਦੀ ਸਮਰੱਥਾ ਹੈ; ਅਤੇ ਉਹਨਾਂ ਨੂੰ ਔਸਤ ਸਲਾਨਾ ਤਨਖ਼ਾਹ ਦਾ ਭੁਗਤਾਨ ਕੀਤਾ ਜਾਂਦਾ ਹੈ, ਜੋ ਘੱਟੋ-ਘੱਟ ਸੰਘੀ ਤਨਖ਼ਾਹ ਦੇ ਘੱਟੋ-ਘੱਟ ਨਾਲੋਂ ਘੱਟ ਤੋਂ ਘੱਟ ਚਾਰ ਗੁਣਾ ਹੈ।*<br>• ਅਜਿਹੇ ਸੁਤੰਤਰ ਠੇਕਦਾਰ ਜੋ New York State Labor Law (ਨਿਊਯੋਰਕ ਰਾਜ ਮਜ਼ਦੂਰੀ ਕਨੂੰਨ) ਦੇ ਅਧੀਨ ਕਿਸੇ ਕਰਮਚਾਰੀ ਦੀ ਪਰਿਭਾਸ਼ਾ ਨੂੰ ਪੂਰਾ ਨਹੀਂ ਕਰਦੇ ਹਨ (**labor.ny.gov** 'ਤੇ ਜਾਓ ਅਤੇ "Independent Contractors" (ਸੁਤੰਤਰ ਠੇਕਦਾਰ) ਖੋਜੋ।)<br>• ਕੰਮ ਦੇ ਤਜਰਬੇ ਦੇ ਪ੍ਰੋਗਰਾਮਾਂ (Work Experience Programs - WEP) ਵਿੱਚ ਪ੍ਰਤਿਭਾਗੀ<br>• ਸਮੂਹਿਕ ਸੌਦੇਬਾਜ਼ੀ ਇਕਰਾਰਨਾਮੇ ਦੇ ਅਧੀਨ ਆਉਣ ਵਾਲੇ ਕੁਝ ਨਿਸ਼ਚਤ ਕਰਮਚਾਰੀ |

***ਧਿਆਨ ਦਿਓ:*** ਜੇ ਤੁਹਾਡੇ ਰੁਜ਼ਗਾਰਦਾਤਾ ਕੋਲ ਅਜਿਹੀ ਮੌਜੂਦਾ ਨੀਤੀ ਹੈ ਜੋ ਕਰਮਚਾਰੀਆਂ ਨੂੰ ਬਿਮਾਰੀ ਦੀ ਛੁੱਟੀ ਵਰਤਣ ਦੀ ਇਜਾਜ਼ਤ ਦਿੰਦੀ ਹੈ, ਤਾਂ ਉਸ ਨੀਤੀ ਨੂੰ ਕਨੂੰਨ ਦੀਆਂ ਲੋੜਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ ਜਾਂ ਉਹ ਨੀਤੀ ਇਸ ਤੋਂ ਬਿਹਤਰ ਹੋਣੀ ਚਾਹੀਦੀ ਹੈ।

## ਕਰਮਚਾਰੀ ਦੇ ਹੱਕਾਂ ਦਾ ਨੋਟਿਸ

| ਕਰਮਚਾਰੀ | ਉਹ ਮਿਤੀ ਜਦੋਂ ਕਰਮਚਾਰੀਆਂ ਨੂੰ ਲਿਖਤੀ ਨੋਟਿਸ ਦੇਣਯੋਗ ਹੁੰਦਾ ਹੈ |
|---|---|
| ਨਵੇਂ<br>*ਪਹਿਲੀ ਵਾਰ 1 ਅਪ੍ਰੈਲ 2014 ਨੂੰ ਜਾਂ ਇਸਦੇ ਬਾਅਦ ਨੌਕਰੀ 'ਤੇ ਰੱਖੇ ਗਏ* | ਰੁਜ਼ਗਾਰ ਦਾ ਪਹਿਲਾ ਦਿਨ |
| ਮੌਜੂਦਾ<br>*1 ਅਪ੍ਰੈਲ 2014 ਤੋਂ ਪਹਿਲਾਂ ਰੁਜ਼ਗਾਰਦਾਤਾ ਲਈ ਪਹਿਲਾਂ ਤੋਂ ਕੰਮ ਕਰਦੇ* | 1 ਮਈ 2014 |

ਜੇ ਤੁਸੀਂ ਇਸਦੇ ਅਧੀਨ ਆਉਣ ਵਾਲੇ ਕਰਮਚਾਰੀ ਹੋ, ਤਾਂ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਤੁਹਾਨੂੰ ਬਿਮਾਰੀ ਦੀ ਛੁੱਟੀ ਦੇ ਤੁਹਾਡੇ ਹੱਕ ਦਾ ਲਿਖਤੀ ਨੋਟਿਸ ਮਿਲਨਾ ਜ਼ਰੂਰੀ ਹੈ। ਤੁਹਾਨੂੰ ਨੋਟਿਸ ਅੰਗ੍ਰੇਜ਼ੀ ਵਿੱਚ ਅਤੇ, ਜੇ DCA ਦੀ ਵੈਬਸਾਈਟ 'ਤੇ ਉਪਲਬਧ ਹੋਵੇ, ਤਾਂ ਆਪਣੀ ਮੁਢਲੀ ਭਾਸ਼ਾ ਵਿੱਚ ਪ੍ਰਾਪਤ ਕਰਨ ਦਾ ਹੱਕ ਹੈ। **ਨੋਟਿਸ ਦੀ ਕਾਪੀ ਆਪਣੇ ਕੋਲ ਰੱਖੋ।**

## ਬਿਮਾਰੀ ਦੀ ਛੁੱਟੀ ਦੀ ਮਾਤਰਾ **(ਜੇ ਲਾਗੂ ਹੋਵੇ, ਤਾਂ ਪਿਛਲੀ ਪਾਸੇ "ਘਰੇਲੂ ਕਰਮਚਾਰੀ" ਸੈਕਸ਼ਨ ਦੇਖੋ।)**

| ਰੁਜ਼ਗਾਰਦਾਤਾ ਦੁਆਰਾ ਨੌਕਰੀ 'ਤੇ ਰੱਖੇ ਗਏ ਕਰਮਚਾਰੀਆਂ ਦੀ ਸੰਖਿਆ | ਪ੍ਰਤੀ ਕਲੰਡਰ ਸਾਲ ਬਿਮਾਰੀ ਦੀ ਛੁੱਟੀ ਦੀ ਮਾਤਰਾ* | ਤਨਖਾਹ ਦੇ ਨਾਲ ਜਾਂ ਤਨਖਾਹ ਦੇ ਬਿਨਾਂ ਬਿਮਾਰੀ ਦੀ ਛੁੱਟੀ | ਭੁਗਤਾਨ ਦੀ ਦਰ |
|---|---|---|---|
| 5 ਜਾਂ ਵੱਧ | 40 ਘੰਟਿਆਂ ਤਕ | ਤਨਖਾਹ ਦੇ ਨਾਲ | ਨਿਯਮਿਤ ਘੰਟਾਵਾਰ ਦਰ ਪਰ 8 ਪ੍ਰਤੀ ਘੰਟਾ (ਘੱਟੋ-ਘੱਟ ਤਨਖ਼ਾਹ) ਤੋਂ ਘੱਟ ਨਹੀਂ |
| 1-4 | 40 ਘੰਟਿਆਂ ਤਕ | ਤਨਖਾਹ ਦੇ ਬਿਨਾਂ | ਲਾਗੂ ਨਹੀਂ |

*ਧਿਆਨ ਦਿਓ: "ਕਲੰਡਰ ਸਾਲ" ਦਾ ਮਤਲਬ ਕਿਸੇ ਰੁਜ਼ਗਾਰਦਾਤਾ ਦੁਆਰਾ ਨਿਰਧਾਰਿਤ 12 ਮਹੀਨੇ ਦੀ ਨਿਯਮਿਤ ਅਤੇ ਲਗਾਤਾਰ ਸਮਾਂ-ਮਿਆਦ ਹੈ। ਕਰਮਚਾਰੀਆਂ ਦੇ ਹੱਕਾਂ ਸੰਬੰਧੀ ਨੋਟਿਸ ਵਿੱਚ ਰੁਜ਼ਗਾਰਦਾਤਾ ਦੇ ਕਲੰਡਰ ਸਾਲ ਬਾਰੇ ਜ਼ਰੂਰ ਜ਼ਿਕਰ ਹੋਣਾ ਚਾਹੀਦਾ ਹੈ।

## ਬਿਮਾਰੀ ਦੀ ਛੁੱਟੀ ਨੂੰ ਜਮ੍ਹਾਂ ਕਰਨਾ ਅਤੇ ਉਸਦੀ ਵਰਤੋਂ - ਮਹੱਤਵਪੂਰਨ ਮਿਤੀਆਂ **(ਜੇ ਲਾਗੂ ਹੋਵੇ, ਤਾਂ ਹੇਠਾਂ "ਘਰੇਲੂ ਕਰਮਚਾਰੀ" ਸੈਕਸ਼ਨ ਦੇਖੋ।)**

| ਜਮ੍ਹਾਂ ਕਰਨ ਦੀ ਦਰ | ਜਮ੍ਹਾਂ ਕਰਨਾ ਸ਼ੁਰੂ ਹੋਣ ਦੀ ਮਿਤੀ | ਮਿਤੀ ਜਦੋਂ ਬਿਮਾਰੀ ਦੀ ਛੁੱਟੀ ਵਰਤੋਂ ਲਈ ਉਪਲਬਧ ਹੁੰਦੀ ਹੈ |
|---|---|---|
| 1 ਘੰਟਾ - ਕੰਮ ਕੀਤੇ ਗਏ ਹਰੇਕ 30 ਘੰਟਿਆਂ ਲਈ | 1 ਅਪ੍ਰੈਲ 2014 *(ਮੌਜੂਦਾ ਕਰਮਚਾਰੀ)* | 30 ਜੁਲਾਈ 2014 *(ਮੌਜੂਦਾ ਕਰਮਚਾਰੀ)* |
| | ਰੁਜ਼ਗਾਰ ਦਾ ਪਹਿਲਾ ਦਿਨ *(ਨਵਾਂ ਕਰਮਚਾਰੀ)* | ਰੁਜ਼ਗਾਰ ਦੇ ਪਹਿਲਾਂ ਦਿਨ ਦੇ ਬਾਅਦ 120 ਦਿਨ *(ਨਵਾਂ ਕਰਮਚਾਰੀ)* |

*ਅਪਵਾਦ:* ਜੇ ਤੁਸੀਂ ਕਿਸੇ ਅਜਿਹੇ ਸਮੂਹਿਕ ਸੌਦੇਬਾਜ਼ੀ ਇਕਰਾਰਨਾਮੇ ਦੁਆਰਾ ਇਸਦੇ ਅਧੀਨ ਆਉਂਦੇ ਹੋ ਜੋ 1 ਅਪ੍ਰੈਲ 2014 ਨੂੰ ਲਾਗੂ ਹੈ, ਤਾਂ ਤੁਸੀਂ ਉਸ ਮਿਤੀ ਤੋਂ ਸ਼ੁਰੂ ਕਰਦੇ ਹੋਏ, ਜਦੋਂ ਇਕਰਾਰਨਾਮਾ ਸਮਾਪਤ ਹੁੰਦਾ ਹੈ, ਸਿਟੀ ਦੇ ਕਨੂੰਨ ਦੇ ਤਹਿਤ ਬਿਮਾਰੀ ਦੀ ਛੁੱਟੀ ਨੂੰ ਜਮ੍ਹਾਂ ਕਰਨਾ ਸ਼ੁਰੂ ਕਰ ਦਿੰਦੇ ਹੋ।

**ਤੁਹਾਡੀ ਬਿਮਾਰੀ ਦੀ ਛੁੱਟੀ ਦੀ ਮਾਤਰਾ ਅਤੇ ਤੁਹਾਡੇ ਬਿਮਾਰੀ ਦੀ ਛੁੱਟੀ ਨੂੰ ਜਮ੍ਹਾਂ ਕਰਨ ਅਤੇ ਇਸਦੀ ਵਰਤੋਂ ਨੂੰ ਦਿਖਾਉਣ ਵਾਲੇ ਸਾਰੇ ਦਸਤਾਵੇਜ਼ਾਂ ਦੀ ਕਾਪੀ ਰੱਖੋ।**

## ਬਿਮਾਰੀ ਦੀ ਛੁੱਟੀ ਨੂੰ ਵਰਤਣ ਲਈ ਸਵੀਕਾਰਯੋਗ ਕਾਰਨ

ਤੁਸੀਂ ਬਿਮਾਰੀ ਦੀ ਛੁੱਟੀ ਨੂੰ ਵਰਤ ਸਕਦੇ ਹੋ ਜਦੋਂ:

- ਤੁਹਾਨੂੰ ਕੋਈ ਮਾਨਸਿਕ ਜਾਂ ਸਰੀਰਕ ਬਿਮਾਰੀ, ਸੱਟ ਜਾਂ ਸਿਹਤ ਸਬੰਧੀ ਸਮੱਸਿਆ ਹੋਵੇ; ਤੁਹਾਨੂੰ ਕੋਈ ਡਾਕਟਰੀ ਨਿਦਾਨ, ਦੇਖਭਾਲ ਜਾਂ ਆਪਣੀ ਮਾਨਸਿਕ ਜਾਂ ਸਰੀਰਕ ਬਿਮਾਰੀ, ਸੱਟ ਜਾਂ ਸਥਿਤੀ ਦਾ ਇਲਾਜ ਪ੍ਰਾਪਤ ਕਰਨ ਦੀ ਲੋੜ ਹੋਵੇ; ਤੁਹਾਨੂੰ ਰੋਕਥਾਮ ਕਰਨ ਸੰਬੰਧੀ ਡਾਕਟਰੀ ਦੇਖਭਾਲ ਪ੍ਰਾਪਤ ਕਰਨ ਦੀ ਲੋੜ ਹੋਵੇ।
- ਇਹ ਜ਼ਰੂਰੀ ਹੈ ਕਿ ਤੁਸੀਂ ਪਰਿਵਾਰ ਦੇ ਕਿਸੇ ਅਜਿਹੇ ਮੈਂਬਰ ਦੀ ਦੇਖਭਾਲ ਕਰੋ ਜਿਸਨੂੰ ਡਾਕਟਰੀ ਨਿਦਾਨ, ਦੇਖਭਾਲ ਜਾਂ ਕਿਸੇ ਮਾਨਸਿਕ ਜਾਂ ਸਰੀਰਕ ਬਿਮਾਰੀ, ਸੱਟ ਜਾਂ ਸਿਹਤ ਸਬੰਧੀ ਸਮੱਸਿਆ ਦਾ ਇਲਾਜ ਪ੍ਰਾਪਤ ਕਰਨ ਦੀ ਲੋੜ ਹੋਵੇ ਜਾਂ ਜਿਸਨੂੰ ਰੋਕਥਾਮ ਕਰਨ ਸੰਬੰਧੀ ਡਾਕਟਰੀ ਦੇਖਭਾਲ ਪ੍ਰਾਪਤ ਕਰਨ ਦੀ ਲੋੜ ਹੋਵੇ।
- ਤੁਹਾਡੇ ਰੁਜ਼ਗਾਰਦਾਤਾ ਦਾ ਕਾਰੋਬਾਰ ਕਿਸੇ ਜਨਤਕ ਸਿਹਤ ਸਬੰਧੀ ਸੰਕਟਕਾਲ ਦੇ ਕਾਰਨ ਬੰਦ ਹੋ ਜਾਂਦਾ ਹੈ ਜਾਂ ਤੁਹਾਨੂੰ ਕਿਸੇ ਅਜਿਹੇ ਬੱਚੇ ਦੀ ਦੇਖਭਾਲ ਕਰਨ ਦੀ ਲੋੜ ਹੈ ਜਿਸਦੇ ਸਕੂਲ ਜਾਂ ਬਾਲ ਦੇਖਭਾਲ ਪ੍ਰਦਾਤਾ ਨੇ ਕਿਸੇ ਜਨਤਕ ਸਿਹਤ ਸਬੰਧੀ ਸੰਕਟਕਾਲ ਦੇ ਕਾਰਨ ਕੰਮ ਬੰਦ ਕਰ ਦਿੱਤਾ ਹੈ।

ਕਨੂੰਨ ਦੇ ਤਹਿਤ ਹੇਠਾਂ ਲਿਖਿਆਂ ਨੂੰ ਪਰਿਵਾਰ ਦੇ ਮੈਂਬਰ ਮੰਨਿਆ ਜਾਂਦਾ ਹੈ: ਬੱਚਾ; ਪੋਤਾ/ਪੋਤੀ/ਦੋਹਤਾ/ਦੋਹਤੀ; ਪਤਨੀ/ਪਤੀ; ਡੋਮੈਸਟਿਕ ਪਾਰਟਨਰ; ਮਾਤਾ/ਪਿਤਾ; ਦਾਦਾ/ਦਾਦੀ/ਨਾਨਾ/ਨਾਨੀ; ਕਿਸੇ ਕਰਮਚਾਰੀ ਦੀ ਪਤਨੀ/ਪਤੀ ਜਾਂ ਡੋਮੈਸਟਿਕ ਪਾਰਟਨਰ ਦਾ ਬੱਚਾ ਜਾਂ ਮਾਤਾ/ਪਿਤਾ; ਭਰਾ/ਭੈਣ (ਅੱਧੇ, ਗੋਦ ਲਏ ਗਏ ਜਾਂ ਮਤਰੇਅ ਭਰਾ/ਭੈਣ ਸਮੇਤ)।

## ਅਗਾਉਂ ਨੋਟਿਸ

ਜੇ ਲੋੜ ਦਾ ਪਹਿਲਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੋਵੇ, ਤਾਂ ਤੁਹਾਡਾ ਰੁਜ਼ਗਾਰਦਾਤਾ ਬਿਮਾਰੀ ਦੀ ਛੁੱਟੀ ਨੂੰ ਵਰਤਣ ਦੇ ਤੁਹਾਡੇ ਇਰਾਦੇ ਦੇ ਸੱਤ ਦਿਨ ਤਕ ਦੇ ਅਗਾਉਂ ਨੋਟਿਸ ਦੀ ਮੰਗ ਕਰ ਸਕਦਾ ਹੈ। ਜੇ ਲੋੜ ਦਾ ਪਹਿਲਾਂ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ, ਤਾਂ ਤੁਹਾਡਾ ਰੁਜ਼ਗਾਰਦਾਤਾ ਵਿਹਾਰਕ (ਤਰਕਸ਼ੀਲ) ਹੋਣ 'ਤੇ ਤੁਹਾਡੇ ਤੋਂ ਜਲਦੀ ਤੋਂ ਜਲਦੀ ਨੋਟਿਸ ਦੇਣ ਦੀ ਮੰਗ ਕਰ ਸਕਦਾ ਹੈ। ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਤੋਂ ਇਸ ਬਾਰੇ ਲਿਖਤ ਪ੍ਰਮਾਣੀਕਰਨ ਦੇਣ ਦੀ ਮੰਗ ਕਰ ਸਕਦਾ ਹੈ ਕਿ ਤੁਸੀਂ ਬਿਮਾਰੀ ਦੀ ਛੁੱਟੀ ਨੂੰ ਬਿਮਾਰੀ ਦੀ ਛੁੱਟੀ ਦੇ ਉਦੇਸ਼ਾਂ ਲਈ ਵਰਤਿਆ ਹੈ।

## ਲਿਖਤੀ ਸਬੂਤ

ਤੁਹਾਡਾ ਰੁਜ਼ਗਾਰਦਾਤਾ ਉਸ ਸਥਿਤੀ ਵਿੱਚ ਕਿਸੇ ਲਾਇਸੈਂਸਧਾਰੀ ਸਿਹਤ ਦੇਖਭਾਲ ਪ੍ਰਦਾਤਾ ਤੋਂ ਲਿਖਤੀ ਸਬੂਤ ਉਪਲਬਧ ਕਰਵਾਉਣ ਦੀ ਮੰਗ ਕਰ ਸਕਦਾ ਹੈ ਜੇ ਤੁਸੀਂ ਤਿੰਨ ਤੋਂ ਵੱਧ ਲਗਾਤਾਰ ਕੰਮਕਾਜੀ ਦਿਨਾਂ ਨੂੰ ਬਿਮਾਰੀ ਦੀ ਛੁੱਟੀ ਦੇ ਰੂਪ ਵਿੱਚ ਵਰਤਦੇ ਹੋ। Paid Sick Leave Law (ਤਨਖਾਹ ਦੇ ਨਾਲ ਬਿਮਾਰੀ ਛੁੱਟੀ ਕਨੂੰਨ) ਰੁਜ਼ਗਾਰਦਾਤਾਵਾਂ ਨੂੰ ਸਿਹਤ ਦੇਖਭਾਲ ਪ੍ਰਦਾਤਾਵਾਂ ਦੁਆਰਾ ਬਿਮਾਰੀ ਦੀ ਛੁੱਟੀ ਦੇ ਡਾਕਟਰੀ ਕਾਰਨ ਦੱਸਣ ਦੀ ਮੰਗ ਕਰਨ ਤੋਂ ਮਨ੍ਹਾਂ ਕਰਦਾ ਹੈ। ਖੁਲਾਸਾ ਹੋਰ ਕਨੂੰਨਾਂ ਦੁਆਰਾ ਲੋੜੀਂਦਾ ਹੋ ਸਕਦਾ ਹੈ।

## ਨਾ ਵਰਤੀ ਗਈ ਬਿਮਾਰੀ ਦੀ ਛੁੱਟੀ

ਤੁਸੀਂ 40 ਘੰਟੇ ਦੀ ਨਾ ਵਰਤੀ ਗਈ ਬਿਮਾਰੀ ਦੀ ਛੁੱਟੀ ਨੂੰ ਅਗਲੇ ਕਲੰਡਰ ਸਾਲ ਵਿੱਚ ਲਿਜਾ ਸਕਦੇ ਹੋ। ਪਰ, ਤੁਹਾਡੇ ਰੁਜ਼ਗਾਰਦਾਤਾ ਦੁਆਰਾ ਤੁਹਾਨੂੰ ਪ੍ਰਤੀ ਕਲੰਡਰ ਸਾਲ ਵਿੱਚ ਸਿਰਫ਼ 40 ਘੰਟੇ ਤਕ ਦੀ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰਨ ਦੇਣ ਦੀ ਲੋੜ ਹੁੰਦੀ ਹੈ।

## ਬਦਲਾ ਲੈਣਾ

ਤੁਹਾਡਾ ਰੁਜ਼ਗਾਰਦਾਤਾ ਬਿਮਾਰੀ ਦੀ ਛੁੱਟੀ ਦੀ ਬੇਨਤੀ ਕਰਨ ਜਾਂ ਇਸਨੂੰ ਵਰਤਣ ਲਈ ਤੁਹਾਡੇ ਤੋਂ ਬਦਲਾ ਨਹੀਂ ਲੈ ਸਕਦਾ। ਬਦਲੇ ਵਿੱਚ ਕਨੂੰਨ ਦੇ ਅਧੀਨ ਗਾਰੰਟੀ ਦਿੱਤੇ ਗਏ ਕਿਸੇ ਹੱਕ ਨੂੰ ਵਰਤਣ ਜਾਂ ਵਰਤਣ ਦੀ ਕੋਸ਼ਿਸ਼ ਕਰਨ ਲਈ ਤੁਹਾਨੂੰ ਦਿੱਤੀ ਜਾਣ ਵਾਲੀ ਕੋਈ ਧਮਕੀ, ਜੁਰਮਾਨਾ, ਕਾਰਜ-ਮੁਕਤ ਕਰਨਾ, ਅਹੁਦਾ ਘਟਾਉਣਾ, ਮੁਅੱਤਲੀ ਜਾਂ ਤੁਹਾਡੇ ਘੰਟਿਆਂ ਵਿੱਚ ਕਮੀ ਜਾਂ ਤੁਹਾਡੇ ਵਿਰੁੱਧ ਕੋਈ ਪ੍ਰਤਿਕੂਲ ਰੁਜ਼ਗਾਰ ਕਾਰਵਾਈ ਸ਼ਾਮਲ ਹੈ।

## ਸ਼ਿਕਾਇਤਾਂ

ਤੁਸੀਂ DCA ਦੇ ਕੋਲ ਸ਼ਿਕਾਇਤ ਦਰਜ ਕਰਾ ਸਕਦੇ ਹੋ। ਸ਼ਿਕਾਇਤ ਫਾਰਮ ਪ੍ਰਾਪਤ ਕਰਨ ਲਈ, **nyc.gov/PaidSickLeave** 'ਤੇ ਆਨਲਾਈਨ ਜਾਓ ਜਾਂ **311** (NYC ਤੋਂ ਬਾਹਰ 212-NEW-YORK) 'ਤੇ ਸੰਪਰਕ ਕਰੋ।

DCA ਜਾਂਚ-ਪੜਤਾਲ ਕਰੇਗਾ ਅਤੇ ਤੁਹਾਡੀ ਸ਼ਿਕਾਇਤ ਦੇ ਸੰਬੰਧ ਵਿੱਚ ਵਿਚੋਲਗੀ ਕਰਨ ਦੀ ਕੋਸ਼ਿਸ਼ ਕਰਨ ਲਈ ਤੁਹਾਡੇ ਰੁਜ਼ਗਾਰਦਾਤਾ ਦੇ ਨਾਲ ਕੰਮ ਕਰੇਗਾ। DCA ਤੁਹਾਡੀ ਪਛਾਣ ਨੂੰ ਗੁਪਤ ਰੱਖੇਗਾ ਬਸ਼ਰਤੇ ਕਿ ਜਾਂਚ-ਪੜਤਾਲ ਕਰਨ, ਸ਼ਿਕਾਇਤ ਦੇ ਸੰਬੰਧ ਵਿੱਚ ਵਿਚੋਲਗੀ ਕਰਨ ਲਈ ਖੁਲਾਸਾ ਕਰਨਾ ਜ਼ਰੂਰੀ ਨਾ ਹੋਵੇ ਜਾਂ ਜਦੋਂ ਤਕ ਇਹ ਕਨੂੰਨ ਦੁਆਰਾ ਲੋੜੀਂਦਾ ਨਾ ਹੋਵੇ।

**ਘਰੇਲੂ ਕਰਮਚਾਰੀ**

*ਹੇਠਾਂ ਸਿਟੀ ਦੇ ਕਨੂੰਨ ਦੇ ਤਹਿਤ ਘਰੇਲੂ ਕਰਮਚਾਰੀਆਂ ਨਾਲ ਸੰਬੰਧਤ ਬਿਮਾਰੀ ਦੀ ਛੁੱਟੀ ਦੀ ਮਾਤਰਾ ਅਤੇ ਬਿਮਾਰੀ ਦੀ ਛੁੱਟੀ ਨੂੰ ਜਮ੍ਹਾਂ ਕਰਨ ਅਤੇ ਇਸਦੀ ਵਰਤੋਂ ਬਾਰੇ ਸੂਚਨਾ ਦਿੱਤੀ ਗਈ ਹੈ। ਇਹ ਛੁੱਟੀ ਉਸ ਤਿੰਨ ਦਿਨ ਦੇ ਤਨਖਾਹ ਦੇ ਨਾਲ ਅਰਾਮ ਤੋਂ ਇਲਾਵਾ ਹੈ ਜਿਸਦੇ ਲਈ ਤੁਸੀਂ ਨਿਊਯੋਰਕ ਰਾਜ ਦੇ ਕਿਰਤ ਕਨੂੰਨ ਦੇ ਤਹਿਤ ਹੱਕਦਾਰ ਹੋ।* ***labor.ny.gov*** *'ਤੇ ਜਾਓ ਅਤੇ "Domestic Workers' Bill of Rights" (ਘਰੇਲੂ ਕਰਮਚਾਰੀਆਂ ਦੇ ਹੱਕਾਂ ਦਾ ਬਿਲ) ਖੋਜੋ। ਇਸ ਕਿਤਾਬਚੇ ਵਿੱਚ ਬਾਕੀ ਸਾਰੀ ਸੂਚਨਾ ਤੁਹਾਡੇ ਉੱਪਰ ਲਾਗੂ ਹੁੰਦੀ ਹੈ।*

| ਬਿਮਾਰੀ ਦੀ ਛੁੱਟੀ ਦੀ ਮਾਤਰਾ ਪ੍ਰਤੀ ਕਲੰਡਰ ਸਾਲ | ਤਨਖਾਹ ਦੇ ਨਾਲ ਜਾਂ ਤਨਖਾਹ ਦੇ ਬਿਨਾਂ | ਭੁਗਤਾਨ ਦੀ ਦਰ |
|---|---|---|
| 2 ਦਿਨ | ਤਨਖਾਹ ਦੇ ਨਾਲ | ਨਿਯਮਿਤ ਘੰਟਾਵਾਰ ਦਰ ਪਰ 8 ਪ੍ਰਤੀ ਘੰਟਾ ਤੋਂ ਘੱਟ ਨਹੀਂ (ਵਰਤਮਾਨ ਘੱਟੋ-ਘੱਟ ਤਨਖ਼ਾਹ) **labor.ny.gov** 'ਤੇ ਜਾਓ ਅਤੇ "Minimum Wage" (ਘੱਟੋ-ਘੱਟ ਤਨਖ਼ਾਹ) ਖੋਜੋ। |

| ਜਮ੍ਹਾਂ ਕਰਨ ਦੀ ਦਰ | ਜਮ੍ਹਾਂ ਕਰਨਾ ਸ਼ੁਰੂ ਹੋਣ ਦੀ ਮਿਤੀ | ਮਿਤੀ ਜਦੋਂ ਬਿਮਾਰੀ ਦੀ ਛੁੱਟੀ ਵਰਤੋਂ ਲਈ ਉਪਲਬਧ ਹੁੰਦੀ ਹੈ |
|---|---|---|
| 1 ਸਾਲ ਦੇ ਬਾਅਦ 2 ਦਿਨ ਕੰਮ ਦੇ ਸਥਾਨ 'ਤੇ | DCA, nyc.gov/PaidSickLeave 'ਤੇ ਮਾਰਗਦਰਸ਼ਨ ਮੁਹੱਈਆ ਕਰੇਗਾ | DCA, nyc.gov/PaidSickLeave 'ਤੇ ਮਾਰਗਦਰਸ਼ਨ ਮੁਹੱਈਆ ਕਰੇਗਾ |

**ਪ੍ਰਸ਼ਨ ਪੁੱਛਣ ਹਨ?** DCA ਨਾਲ ਸੰਪਰਕ ਕਰਨ ਲਈ, **nyc.gov/PaidSickLeave** 'ਤੇ ਜਾਓ, **PaidSickLeave@dca.nyc.gov**ਨੂੰ ਈ-ਮੇਲ ਭੇਜੋ ਜਾਂ **311** 'ਤੇ ਫੋਨ ਕਰੋ ਅਤੇ ਬਿਮਾਰੀ ਲਈ ਤਨਖਾਹ ਦੇ ਨਾਲ ਛੁੱਟੀ ਬਾਰੇ ਸੂਚਨਾ ਮੰਗੋ।